## ਪਾਠ-10
## ਹਰਿਆਵਲ ਦੇ ਬੀਜ (ਲੇਖਕ-ਕਰਨਲ ਜਸਬੀਰ ਭੁੱਲਰ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਫ਼ਕੀਰ ਨੇ ਲੋਕਾਂ ਨੂੰ ਕੀ ਸਿੱਖਿਆ ਦਿੱਤੀ ਅਤੇ ਕਿਉਂ?**

ਉੱਤਰ : ਫ਼ਕੀਰ ਨੇ ਲੋਕਾਂ ਨੂੰ ਪਾਗਲਾਂ ਵਾਂਗ ਰੁੱਖ ਵੱਢਦਿਆਂ ਦੇਖ ਕੇ ਕਿਹਾ ਕਿ ਇਸ ਤਰ੍ਹਾਂ ਉਹ ਉੱਜੜ ਜਾਣਗੇ ਅਤੇ ਧਰਤੀ ਮਾਰੂਥਲ ਵਿੱਚ ਬਦਲ ਜਾਵੇਗੀ।

**ਪ੍ਰਸ਼ਨ ਅ. ਲੋਕਾਂ ਵੱਲੋਂ ਰੁੱਖਾਂ ਦੀ ਅੰਨ੍ਹੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਹੋਇਆ?**

ਉੱਤਰ : ਲੋਕਾਂ ਵੱਲੋਂ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਕਰਨ ਨਾਲ਼ ਹੌਲ਼ੀ-ਹੌਲ਼ੀ ਜੰਗਲ਼ ਮੁੱਕ ਗਏ। ਹਰੀ-ਭਰੀ ਧਰਤੀ ਮਾਰੂਥਲ ਵਿੱਚ ਬਦਲ ਗਈ। ਅੰਤ ਮਾਰੂਥਲ ਦਾ ਤੇਜ਼ ਹਵਾਵਾਂ ਵਾਲ਼ਾ ਤੁਫ਼ਾਨ ਸਭ ਨੂੰ ਉਡਾ ਕੇ ਲੈ ਗਿਆ।

**ਪ੍ਰਸ਼ਨ ੲ. ਰੇਤਥਲ ਦੇ ਤੁਫ਼ਾਨ ਕਾਰਨ ਭੀਖੂ ਤੇ ਉਸ ਦੇ ਪਰਿਵਾਰ ਨਾਲ਼ ਕੀ ਵਾਪਰਿਆ?**



ਉੱਤਰ : ਰੇਤਥਲ ਦਾ ਜ਼ੋਰਦਾਰ ਤੁਫ਼ਾਨ ਭੀਖੂ ਦੇ ਪਰਿਵਾਰ ਨੂੰ ਉਡਾ ਕੇ ਲੈ ਗਿਆ। ਭੀਖੂ ਨੇ ਆਪਣੀ ਪਤਨੀ ਤੇ ਪੁੱਤਰ ਨੂੰ ਘੁੱਟ ਕੇ ਫੜ ਲਿਆ। ਰਿੜ੍ਹਦੇ-ਰਿੜ੍ਹਦੇ ਉਹ ਇੱਕ ਰੁੱਖ ਦੀਆਂ ਟਾਹਣੀਆਂ ਵਿੱਚ ਫਸ ਕੇ ਬਚੇ।

**ਪ੍ਰਸ਼ਨ ਸ. ਬਿਪਤਾ ਦੇ ਸਮੇਂ ਭੀਖੂ ਅਤੇ ਉਸ ਦੇ ਪਰਿਵਾਰ ਲਈ ਰੁੱਖ ਕਿਵੇਂ ਸਹਾਈ ਹੋਇਆ?**

ਉੱਤਰ : ਬਿਪਤਾ ਦੇ ਸਮੇਂ ਪਹਿਲਾਂ ਤਾਂ ਝੱਖੜ ਵਿੱਚ ਰਿੜ੍ਹਦਾ ਭੀਖੂ ਤੇ ਉਸਦਾ ਪਰਿਵਾਰ ਰੁੱਖ ਦੀਆਂ ਟਾਹਣਾਂ ਵਿੱਚ ਫਸ ਕੇ ਬਚਿਆ। ਫਿਰ ਭੀਖੂ ਨੇ ਹਰੇ-ਭਰੇ ਰੁੱਖ ਤੋਂ ਖਾਣ ਲਈ ਫ਼ਲ ਅਤੇ ਉਸ ਦੇ ਨੇੜੇ ਮਿੱਟੀ ਪੁੱਟ ਕੇ ਪਾਣੀ ਪ੍ਰਾਪਤ ਕਰ ਲਿਆ।ਫਿਰ ਰੁੱਖ ਦੀਆਂ ਟਹਿਣੀਆਂ ਕੱਟ ਕੇ ਭੀਖੂ ਨੇ ਢਾਰਾ ਬਣਾ ਲਿਆ। ਉਨ੍ਹਾਂ ਦੇ ਪੁੱਤਰ ਆਲਮ ਨੂੰ ਖੇਡਣ ਲਈ ਰੁੱਖ ਦੇ ਰੂਪ ਵਿੱਚ ਦੋਸਤ ਮਿਲ਼ ਗਿਆ।

**ਪ੍ਰਸ਼ਨ ਹ. ਫ਼ਕੀਰ ਨੇ ਭੀਖੂ ਨੂੰ ਨਵੇਂ ਰੁੱਖ ਲਾਉਣ ਲਈ ਕਿਵੇਂ ਪ੍ਰੇਰਿਆ?**

ਉੱਤਰ : ਰੁੱਖ ਦੀ ਹਾਲਤ ਦੇਖ ਫ਼ਕੀਰ ਨੇ ਭੀਖੂ ਨੂੰ ਰੁੱਖ ਲਾਉਣ ਦੀ ਥਾਂ ਕੱਟਣ ਲਈ ਖ਼ਬਰਦਾਰ ਕੀਤਾ। ਉਸ ਨੇ ਉਦਾਸ ਹੋ ਕਿਹਾ ਕਿ ਰੁੱਖ ਨਾ ਹੋਣ ਕਾਰਨ ਉਹ ਉਸ ਦੇ ਘਰ ਉੱਤੇ ਉਜਾੜੇ ਦਾ ਪਰਛਾਵਾਂ ਵੇਖ ਰਿਹਾ ਹੈ। ਇਸ ਤਰ੍ਹਾਂ ਫ਼ਕੀਰ ਨੇ ਭੀਖੂ ਦੇ ਮਨ ਹਰਿਆਵਲ ਦੇ ਬੀ ਬੀਜ ਦਿੱਤੇ ਤੇ ਉਸ ਨੂੰ ਰੁੱਖ ਲਾਉਣ ਦੀ ਪ੍ਰੇਰਨਾ ਮਿਲ਼ੀ।



**ਪ੍ਰਸ਼ਨ ਕ. ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਵਿਚਕਾਰ ਹੋਈ ਗੱਲ-ਬਾਤ ਤੋਂ ਕੀ ਪ੍ਰੇਰਨਾ ਮਿਲ਼ੀ?**

ਉੱਤਰ : ਆਲਮ ਨੂੰ ਆਪਣੇ ਬਾਪੂ ਭੀਖੂ ਅਤੇ ਫ਼ਕੀਰ ਦੀ ਗੱਲ-ਬਾਤ ਤੋਂ ਹਰਿਆਵਲ ਦੇ ਬੀਜ ਬੀਜਣ ਅਰਥਾਤ ਥਾਂ-ਥਾਂ ਰੁੱਖ ਲਾਉਣ ਦੀ ਪ੍ਰੇਰਨਾ ਮਿਲ਼ੀ।

### 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਤੁਰਸ਼ | : | ਗ਼ੁਸੈਲ, ਕ੍ਰੋਧੀ |
| ਰੇਤਥਲ, ਮਾਰੂਥਲ | : | ਰੇਗਿਸਤਾਨ, ਰੇਤਲਾ ਇਲਾਕਾ |
| ਜ਼ਰਖ਼ੇਜ਼ | : | ਉਪਜਾਊ |
| ਮਾਰੂ | : | ਮਾਰਨ ਵਾਲ਼ਾ, ਘਾਤਕ |
| ਸਾਹਵੇਂ | : | ਸਾਹਮਣੇ, ਮੂਹਰਲੇ ਪਾਸੇ |
| ਤੀਬਰ ਗਤੀ | : | ਤੇਜ਼ ਚਾਲ |
| ਸ੍ਰੋਤ | : | ਸੋਮਾ |

ਢਾਰਾ : ਛੰਨ, ਛੱਪਰ

ਅਹੁੜੀ : ਸੁੱਝੀ, ਕੋਈ ਗੱਲ ਦਿਮਾਗ਼ ਨੂੰ ਫੁਰਨੀ

ਵਾ-ਵਰੋਲ਼ਾ : ਮਿੱਟੀ ਆਦਿ ਨਾਲ਼ ਭਰੀ ਗੋਲ਼-ਚੱਕਰ ਵਿੱਚ ਚੱਲਣ ਵਾਲ਼ੀ ਤੇਜ਼ ਹਵਾ

ਤਿੱਖੜ : ਤਿੱਖੀ, ਤੇਜ਼

**3. ਵਾਕਾਂ ਵਿੱਚ ਵਰਤੋਂ :**

1. **ਵਰਾਛਾਂ ਖਿੜ ਜਾਣਗੀਆਂ (ਬਹੁਤ ਖ਼ੁਸ਼ ਹੋ ਜਾਣਾ)–** ਗ਼ਰੀਬ ਰਾਮੇ ਨੂੰ ਸੜਕ ਤੋਂ 500 ਦਾ ਨੋਟ ਲੱਭਿਆ ਤਾਂ ਉਸ ਦੀਆਂ ਵਰਾਛਾਂ ਖਿੜ ਗਈਆਂ।
2. **ਆਸਰਾ (ਸਹਾਰਾ)–** ਰੁੱਖਾਂ ਉੱਤੇ ਬਹੁਤ ਸਾਰੇ ਪੰਛੀਆਂ ਨੂੰ ਆਸਰਾ ਮਿਲ਼ਦਾ ਹੈ।
3. **ਤੜਕਸਾਰ (ਸਵੇਰੇ)–** ਅਸੀਂ ਹਰ ਰੋਜ਼ ਤੜਕਸਾਰ ਸੈਰ ਕਰਨ ਜਾਂਦੇ ਹਾਂ।
4. **ਟੱਬਰ-ਟੀਹਰ (ਪਰਿਵਾਰ ਦੇ ਸਾਰੇ ਛੋਟੇ-ਵੱਡੇ ਜੀਅ)–** ਕਰੋਨਾ ਮਹਾਂਮਾਰੀ ਕਾਰਨ ਪ੍ਰਦੇਸੀ ਲੋਕ ਆਪਣੇ ਟੱਬਰ-ਟੀਹਰ ਲੈ ਕੇ ਆਪਣੇ ਘਰਾਂ ਵੱਲ ਚੱਲ ਪਏ।
5. **ਲੂ ਵਗਣਾ (ਗਰਮ ਹਵਾ ਦਾ ਚੱਲਣਾ**)- ਜੇਠ-ਹਾੜ੍ਹ ਦੇ ਮਹੀਨਿਆਂ ਵਿੱਚ ਪੰਜਾਬ ਵਿੱਚ ਗਰਮ ਲੂ ਵਗਦੀ ਹੈ।
6. **ਰੋਣ-ਹਾਕਾ (ਰੋਣ ਵਾਲ਼ਾ)–** ਜਦੋਂ ਸ਼ਾਮੂ ਦੀ ਚੋਰੀ ਫੜੀ ਗਈ ਤਾਂ ਉਹ ਰੋਣ-ਹਾਕਾ ਹੋ ਗਿਆ।
7. **ਹਰਿਆਵਲ (ਹਰਾਪਣ)–** ਹਰਿਆਵਲ ਲਈ ਸਾਰਿਆਂ ਨੂੰ ਮਿਲ਼ ਕੇ ਬੂਟੇ ਲਾਉਣੇ ਚਾਹੀਦੇ ਹਨ।

**ਪ੍ਰਸ਼ਨ 2. ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਚੁਣੋ ਅਤੇ ਉਨ੍ਹਾਂ ਦੀਆਂ ਕਿਸਮਾਂ ਵੀ ਦੱਸੋ।**

- ਤੇਜ਼ ਹਵਾਵਾਂ ਨਿੱਤ ਦਿਨ ਵਗਦੀਆਂ ਤੇ ਉਹ ਧਰਤੀ ਉੱਤੇ ਰੇਤ ਵਿਛਾ ਕੇ ਤੁਰ ਜਾਂਦੀਆਂ।
- ➢ **ਤੇਜ਼** (ਗੁਣ-ਵਾਚਕ ਵਿਸ਼ੇਸ਼ਣ)
- ਉਸ ਵੇਲ਼ੇ ਉਹ ਪੂਰੀ ਹੋਸ਼ ਵਿੱਚ ਨਹੀਂ ਸਨ।
- ➢ **ਪੂਰੀ** (ਗੁਣ-ਵਾਚਕ ਵਿਸ਼ੇਸ਼ਣ)
- ਉਹ ਤਿੰਨੇ ਜਣੇ ਉਨ੍ਹਾਂ ਟਹਿਣੀਆਂ ਵਿੱਚ ਅਟਕੇ ਹੋਏ ਸਨ।
- ➢ **ਤਿੰਨੇ** (ਸੰਖਿਆ-ਵਾਚਕ ਵਿਸ਼ੇਸ਼ਣ)
- ਉਹ ਸਾਰੇ ਜੀਅ ਰਲ਼ ਕੇ ਨਿਸ਼ਾਨ ਵਾਲ਼ੀ ਥਾਂ ਪੁੱਟਣ ਲੱਗ ਪਏ।
- ➢ **ਸਾਰੇ** (ਸੰਖਿਆ-ਵਾਚਕ ਵਿਸ਼ੇਸ਼ਣ)
- ਭੀਖੂ ਦੀ ਪਤਨੀ ਹੱਸਦੀ ਹੋਈ ਬੋਲੀ, "ਜੇ ਏਨਾ ਸੋਹਣਾ ਰੁੱਖ ਕੋਲ਼ ਹੋਵੇ ਤਾਂ ਹੋਰ ਕੀ ਚਾਹੀਦੈ?"
- ➢ **ਏਨਾ ਸੋਹਣਾ** (ਗੁਣ-ਵਾਚਕ ਵਿਸ਼ੇਸ਼ਣ)